ਨਿਊਜ਼ ਰਿਲੀਜ਼

# ਡਾਇਬਿਟੀਜ਼ ਵਾਲੇ ਐਲਬਰਟਾ ਨਿਵਾਸੀਆਂ ਲਈ ਸਿਹਤ-ਸੰਭਾਲ ਨੂੰ ਵਧਾਉਣਾ

16 ਦਸੰਬਰ 2024 ਮੀਡੀਆਂ ਇੰਨਕੁਆਰੀਆਂ

## ਐਲਬਰਟਾ ਸਰਕਾਰ ਲਗਾਤਾਰੀ ਗੁਲੂਕੋਜ਼ ਮਾਨੀਟਰਾਂ(CGMs) ਤੱਕ ਪਹੁੰਚ ਵਿਚ ਵਿਸਤਾਰ ਕਰ ਰਹੀ ਹੈ, ਇੰਜ, ਐਲਬਰਟਾ ਵਾਸੀਆਂ ਨੂੰ ਆਪਣੀ ਡਾਇਬਿਟੀਜ਼ ਨੂੰ ਵਾਚਣਾ ਅਤੇ ਉਸਦਾ ਪ੍ਰਬੰਧਨ ਕਰਨਾਂ ਸੁਖਾਲਾ ਬਣਾ ਰਹੀ ਹੈ।

ਐਲਬਰਟਾ ਸਰਕਾਰ ਉਸ ਮੈਡੀਕਲ ਤਕਨਾਲੋਜੀ ਤੱਕ ਪਹੁੰਚ ਵਿਚ ਸੁਧਾਰ ਲਿਆਉਣ ਲਈ ਪ੍ਰਤਿਬਧ ਹੈ, ਜਿਹੜੀ ਐਲਬਰਟਾ ਵਾਸੀਆਂ ਨੂੰ ਆਪਣੀ ਸਿਹਤ ਦਾ ਵਧੇਰੇ ਚੰਗੇ ਤਰੀਕੇ ਨਾਲ ਪ੍ਰਬੰਧਨ ਕਰਨ 'ਚ ਮਦਦ ਕਰਦੀ ਹੈ। ਮੌਜੂਦਾ ਸਮੇਂ ਤਕਰੀਬਨ 1.3 ਮਿਲੀਅਨ ਐਲਬਰਟਾ ਵਾਸੀ ਡਾਇਬਿਟੀਜ਼ ਜਾਂ ਪ੍ਰੀ-ਡਾਇਬਿਟੀਜ਼ ਸਹਿਤ ਜੀਅ ਰਹੇ ਹਨ ਅਤੇ ਇਸ ਗਿਣਤੀ ਦੇ 2034 ਤੱਕ 1.7 ਮਿਲੀਅਨ ਤੱਕ ਵੱਧ ਜਾਣ ਦੀ ਆਸ ਹੈ, ਇੰਜ ਨਵੀਨਤਾਜਨਕ ਸਿਹਤ ਤਕਨਾਲੋਜੀਆਂ ਤੱਕ ਪਹੁੰਚ ਹੁਣ ਕਿਸੇ ਵੀ ਹੋਰ ਸਮੇਂ ਨਾਲੋਂ ਵਧੇਰੇ ਮਹੱਤਵਪੂਰਨ ਹੈ।

ਇਕ ਸਿਹਤ ਤਕਨਾਲੋਜੀ ਮੁਲਾਂਕਣ ਉਪਰੰਤ, ਜਿਸਨੇ ਇਹ ਮਿੱਥਿਆ ਕਿ ਬੱਚੇ ਇਸ ਦਾ ਸਭ ਤੋਂ ਵੱਧ ਫਾਇਦਾ ਉਠਾਉਣਗੇ, 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੀ ਜੀ ਐੱਮ ਕਵਰੇਜ ਫਰਵਰੀ 2022 'ਚ ਸ਼ੁਰੂ ਹੋਈ ਸੀ। ਉਸ ਸਫਲਤਾ ਨੂੰ ਆਧਾਰ ਬਣਾਉਂਦਿਆਂ, ਐਲਬਰਟਾ ਹੁਣ ਸੀ ਜੀ ਐਮ ਕਵਰੇਜ ਯੋਗ ਬਣਦੇ ਬਾਲਗਾਂ ਤੱਕ ਵਧਾ ਰਿਹਾ ਹੈ।

"ਆਪਣੀ ਡਾਇਬਿਟੀਜ਼ ਦਾ ਪ੍ਰਬੰਧਨ ਕਰਨਾਂ ਬਹੁਤ  ਹੀ ਤਣਾਉਪੂਰਨ ਹੋ ਸਕਦਾ ਹੈ। ਇੰਨ੍ਹਾਂ ਮਾਨਟੀਰਾਂ ਤੱਕ ਵਧੇਰੇ ਐਲਬਰਟਾ ਵਾਸੀਆਂ ਦੀ ਪਹੁੰਚ ਨੂੰ ਵਧਾਉਣਾ ਉਨ੍ਹਾਂ ਦੀ ਜ਼ਿੰਦਗੀਆਂ ਨੂੰ ਸੁਖਾਲਾ ਬਣਾਏਗਾ ਅਤੇ ਡਾਇਬਿਟੀਜ਼ ਸਹਿਤ ਜਿਉਂਣ ਵਾਲੇ ਲੋਕਾਂ ਉਪਰਲੇ ਬੋਝ ਤੋਂ ਰਾਹਤ ਦਿਵਾਏਗਾ।"

*Adriana LaGrange, ਮਿਨਿਸਟਰ ਆਫ ਹੈਲਥ*

ਗੁਲੂਕੋਜ਼ ਨੂੰ ਲਗਾਤਾਰ ਵਾਚਣ ਵਾਲੇ ਮਾਨਟੀਰਾਂ ਤੱਕ ਕਵਰੇਜ ਨੂੰ ਵਧਾਉਣਾ ਸਰਕਾਰ ਦੀ ਇਹ ਯਕੀਨੀ ਬਣਾਉਣ ਦੀ ਪ੍ਰਤਿਬਧਤਾ ਦਾ ਇਕ ਮਹੱਤਵਪੂਰਨ ਭਾਗ ਹੈ, ਕਿ ਐਲਬਰਟਾ ਨਿਵਾਸੀ ਉਸ ਮੈਡੀਕਲ ਤਕਨਾਲੋਜੀ ਤੱਕ ਪਹੁੰਚ ਕਰ ਸਕਣ ਜਿਸਦੀ ਉਨ੍ਹਾਂ ਨੂੰ ਲੋੜ ਹੈ। ਇਸਦਾ ਮਤਲਬ ਹੈ ਕਿ ਸਾਰੇ ਐਲਬਰਟਾ ਨਿਵਾਸੀ ਜੋ ਡਾਇਬਿਟੀਜ਼ ਨਾਲ ਜੀਆ ਰਹੇ ਹਨ, ਜਿੰਨ੍ਹਾ ਨੂੰ ਕੁਝ ਖਾਸ ਇੰਨਸੂਲਿਨ ਥੈਰੇਪੀਆਂ ਦੀ ਜ਼ਰੂਰਤ ਪੈਂਦੀ ਹੈ ਅਤੇ ਜੋ ਐਲਬਰਟਾ ਸਰਕਾਰ ਵੱਲੋਂ ਸਪਾਂਸਰ ਕੀਤੀ ਇਕ ਯੋਜਨਾਂ 'ਚ ਐਨਰੋਲ ਹੋਏ ਹਨ, ਇਸ ਅਤਿ-ਜ਼ਰੂਰੀ ਤਕਨਾਲੋਜੀ ਤੱਕ ਪਹੁੰਚ ਕਰ ਸਕਦੇ ਹਨ।

ਇਹ ਵਿਸਤਾਰ ਡਾਇਬਿਟੀਜ਼ ਵਰਕਿੰਗ ਗਰੁੱਪ ਦੀ ਇਕ ਮੂਲ ਸਿਫਾਰਸ਼ ਦੀ ਪੂਰਤੀ ਕਰਦਾ ਹੈ, ਜਿਸ ਗਰੁੱਪ ਨੇ ਐਲਬਰਟਾ ਸਰਕਾਰ ਨੂੰ ਐਲਬਰਟਾ ਦੇ ਡਾਇਬਿਟੀਜ਼ ਸਿਹਤ-ਸੰਭਾਲ  ਦੇ ਢੰਗ ਤਰੀਕਿਆਂ ਵਿਚ ਸੁਧਾਰ ਲਿਆਉਣ ਦੀ ਸਲਾਹ ਦਿੱਤੀ ਸੀ।

ਲਾਗਤਾਰੀ ਗੁਲੂਕੋਜ਼ ਮਾਨੀਟਰ ਦੀ ਵਰਤੋਂ 'ਚ ਗੁਲੂਕੋਜ਼ ਟੈਸਟ ਕਰਨ ਵਾਲੀਆਂ ਸਟ੍ਰਿੱਪਾਂ ਦੀ ਲੋੜ ਨੂੰ ਘਟਾਉਂਦੀ ਜਾਂ ਖਤਮ ਕਰ ਦਿੰਦੀ ਹੈ। ਐਲਬਰਟਾ

ਨਿਊਜ਼ ਰਿਲੀਜ਼

ਨਿਵਾਸੀ ਜਿਹੜੇ ਲਗਾਤਾਰੀ ਗੁਲੂਕੋਜ਼ ਮਾਨੀਟਰ ਲਈ ਫੰਡਿੰਗ ਪ੍ਰਾਪਤ ਕਰਦੇ ਹਨ, ਉਨ੍ਹਾਂ ਲਈ ਖ਼ੂਨ 'ਚ ਗੁਲੂਕੋਜ਼ ਟੈਸਟ ਕਰਨ ਵਾਲੀਆਂ ਸਟ੍ਰਿੱਪਾਂ ਦੀ ਕਦੇ ਕਦੇ ਦੀ ਵਰਤੋਂ ਵਾਸਤੇ ਇਕ  ਵਿਵਸਥਿਤ ਹੱਦ ਹੋਵੇਗੀ। ਜਿਹੜੇ ਐਲਬਰਟਾ ਨਿਵਾਸੀ ਲਗਾਤਾਰੀ ਗੁਲੂਕੋਜ਼ ਮਾਨੀਟਰ ਲਈ ਫੰਡਿੰਗ ਪ੍ਰਾਪਤ ਨਹੀਂ ਕਰਦੇ ਉਹ ਖ਼ੂਨ ਵਿਚਲਾ ਗੁਲੂਕੋਜ਼ ਟੈਸਟ ਕਰਨ ਵਾਲੀਆਂ ਸਟ੍ਰਿੱਪਾਂ ਦੀ ਪਹਿਲਾਂ ਵਾਲੀ ਹੱਦ ਹੀ ਪ੍ਰਾਪਤ ਕਰਨੀ ਜਾਰੀ ਰੱਖਣਗੇ।

ਇਹ ਵਿਸਤਾਰ ਡਾਇਬਿਟੀਜ਼ ਨਾਲ ਜੀਅ ਰਹੇ ਹਜ਼ਾਰਾਂ ਐਲਬਰਟਾ ਨਿਵਾਸੀਆਂ ਦੀ ਜੀਵਨ ਕੁਆਲਿਟੀ 'ਚ ਸੁਧਾਰ ਲਿਆਉਣ ਵੱਲ ਨੂੰ ਐਲਬਰਟਾ ਦਾ ਅਗਾਂਹ ਪੁੱਟਿਆ ਇਕ ਮਹੱਤਵਪੂਰਨ ਕਦਮ ਹੈ। ਲਗਾਤਾਰ ਗੁਲੂਕੋਜ਼ ਵਾਚਣ ਵਾਲੇ ਮਾਨੀਟਰਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਦੁਆਰਾ,  ਸਰਕਾਰ ਕੇਵਲ ਸਿਹਤ ਦੇ ਫਾਇਦਿਆਂ ਨੂੰ ਹੀ ਨਹੀਂ ਵਧਾ ਰਹੀ, ਸਗੋਂ ਉਸ ਤਣਾਉ ਅਤੇ ਰੋਜ਼ਾਨਾਂ ਦੇ ਬੋਝ ਨੂੰ ਵੀ ਘਟਾ ਰਹੀ ਹੈ, ਜਿਹੜਾ ਇਸ ਲੰਮੇਰੀ ਸਿਹਤ ਸਮੱਸਿਆ ਦੇ ਪ੍ਰਬੰਧਨ ਨਾਲ ਪੈਦਾ ਹੁੰਦਾ ਹੈ।

## ਫੌਰੀ ਤੱਥ:

- ਤਕਰੀਬਨ  23,500 ਐਲਬਰਟਾ ਵਾਸੀ ਜੋ 18 ਸਾਲ ਜਾਂ  ਇਸ ਤੋਂ ਵੱਡੀ ਉਮਰ ਦੇ ਹਨ, ਲਗਾਤਾਰੀ ਗੁਲੂਕੋਜ਼ ਮਾਨੀਟਰਾਂ ਲਈ ਯੋਗ ਹੋਣਗੇ।
- ਲਗਾਤਾਰੀ ਗੁਲੂਕੋਜ਼ ਮਾਨਟੀਰ ਇਕ ਸੰਦ ਹੈ ਜਿਹੜਾ ਕਿਸੇ ਵਿਅਕਤੀ ਦੇ ਖ਼ੂਨ ਵਿਚਲੇ ਸ਼ੂਗਰ ਦੇ ਲੈਵਲ ਨੂੰ ਹਰ ਕੁਝ ਮਿੰਟਾਂ ਬਾਦ ਪੜ੍ਹਦਾ ਹੈ ਅਤੇ ਇਹ ਜਾਣਕਾਰੀ ਇਕ ਸਮਾਰਟ ਫੋਨ ਨੂੰ ਭੇਜਦਾ ਹੈ। ਜੇਕਰ ਜ਼ਰੂਰਤ ਹੋਵੇ, ਤਾਂ ਵਿਅਕਤੀ ਆਪਣੇ ਖ਼ੂਨ ਵਿਚਲੇ ਸ਼ੂਗਲ ਲੈਵਲ ਨੂੰ ਵਧਾਉਣ ਜਾਂ ਘਟਾਉਣ ਲਈ ਉੱਚਿਤ ਕਾਰਵਾਈ ਕਰ ਸਕਦਾ ਹੈ।
- ਇਸ ਪਹਿਲਕਦਮੀ ਵਾਸਤੇ ਪਹਿਲੇ ਦੋ ਸਾਲਾਂ ਲਈ ਫੰਡਿੰਗ ਸਿਹਤ-ਸੰਭਾਲ 'ਚ ਸੁਧਾਰ ਲਿਆਉਣ ਦੇ ਕੈਨੇਡਾ-ਐਲਬਰਟਾ ਐਗਰੀਮੈਂਟ ਦੁਆਰਾ ਮੁਹੱਈਆ ਕੀਤੀ ਗਈ ਹੈ।

## ਸਬੰਧਤ ਖਬਰਾਂ

- ਡਾਇਬਿਟੀਜ਼ ਸਹਿਤ ਜੀਅ ਰਹੇ ਐਲਬਰਟਾ ਦੇ ਬੱਚਿਆਂ ਲਈ ਵਧੇਰੇ ਸਹਾਇਤਾ  (3 ਫਰਵਰੀ 2022)

## ਮੀਡੀਆ ਇੰਨਕੁਆਰੀਆਂ


**Jessi Rampton**

587-357-3729
ਪ੍ਰੈੱਸ ਸੈਕਰੇਟਰੀ, ਹੈਲਥ


Classification: Public